The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $95 5 Bedroom $135
Contact : Raj 021 8740 730, 0800 253 2687
www.redcleaning.co.nz

22 Febuary 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜ਼ੀਲੈਂਡ ‘ਚ ਡਰਾਈਵਰਾਂ ਦੀ ਘਾਟ ਕਾਰਨ ਰੇਲ ‘ਤੇ ਬੱਸ ਆਵਾਜਾਈ ਪ੍ਰਭਾਵਿਤ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਲਿੰਗਟਨ ਵਿਚ ਆਉਣ ਵਾਲੇ ਯਾਤਰੀਆਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਇਸ ਖੇਤਰ ਵਿਚ ਰੇਲ ਅਤੇ ਬੱਸ ਡਰਾਈਵਰ ਦੋਹਾਂ ਦੀ ਘਾਟ ਕਾਰਨ ਇਨ੍ਹਾਂ ਦੇ ਰੱਦ ਹੋਣ ਦੀ ਸੰਭਾਵਨਾ ਹੈ।ਕੱਲ੍ਹ ਦੇ ਗ੍ਰੇਟਰ ਵਲਿੰਗਟਨ ਖੇਤਰੀ ਕੌਂਸਲ ਦੀ ਸਥਾਈ ਟ੍ਰਾਂਸਪੋਰਟ ਕਮੇਟੀ ਦੀ ਬੈਠਕ ਵਿੱਚ ਵਲਿੰਗਟਨ ਦੇ ਪਬਲਿਕ ਟ੍ਰਾਂਸਪੋਰਟ ਸਮੱਸਿਆਵਾਂ ਨੂੰ ਹੱਲ ਕਰਨ ਹੋਣ ਦੀਆਂ ਉਮੀਦਾ ਸਨ, ਪਰ ਅਜਿਹਾ ਨਹੀਂ ਹੋਇਆ।ਬੱਸ ਆਪਰੇਟਰ, ਨਿਊਜ਼ੀਲੈਂਡ ਬੱਸ, ਅਤੇ ਵੈਲਿੰਗਟਨ ਦੇ ਖੇਤਰੀ ਟਰੇਨ ਅਪਰੇਟਰ ਨੇ ਕੰਪਨੀਆਂ ਦੀ ਕਾਰਗੁਜ਼ਾਰੀ ਬਾਰੇ ਕਮੇਟੀ ਦੀ ਨੁਮਾਇੰਦਗੀ ਕੀਤੀ ਅਤੇ ਕਿਹਾ ਕਿ ਡ੍ਰਾਈਵਰਾਂ ਦੀ ਘਾਟ ਕਾਰਨ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਕੌਂਸਲ ਦੇ ਅੰਕੜੇ ਦਰਸਾਉਂਦੇ ਹਨ ਕਿ ਡ੍ਰਾਈਵਰਾਂ ਦੀ ਘਾਟ ਕਾਰਨ ਪਿਛਲੇ ਦੋ ਹਫਤਿਆਂ ਤੋਂ ਲਗਪਗ 5 ਫੀਸਦੀ ਨਿਊਜ਼ੀਲੈਂਡ ਦੀਆਂ ਬਸ ਸੇਵਾਵਾਂ ਨੂੰ ਰੱਦ ਕੀਤਾ ਗਿਆ ਹੈ।ਆਕਲੈਂਡ ਦੀ ਟ੍ਰਾਸਪੋਰਟ ਕੰਪਨੀ ਵਿੱਚ 60 ਡ੍ਰਾਈਵਰਾਂ ਦੀ ਕਮੀ ਸੀ। ਆਕਲੈਂਡ ਨਿਊਜ਼ੀਲੈਂਡ ਦੇ ਬੱਸ ਡਰਾਈਵਰ ਨੇਥਨ ਵਾਰੇ ਨੇ ਕਿਹਾ ਕਿ ਬਹੁਤ ਸਾਰੇ ਅਨੁਭਵੀ ਡਰਾਈਵਰ ਇਸ ਪੇਸ਼ੇ ਨੂੰ ਛੱਡ ਰਹੇ ਸਨ ਕਿਉਂਕਿ ਇਹ ਹੁਣ ਆਕਰਸ਼ਕ ਨਹੀਂ ਰਿਹਾ॥ਇਸ ਦਾ ਕਾਰਨ ਇਹ ਵੀ ਹੈ ਕਿ ਡਾਰਈਵਰ ਕੋਲ ਨੌਕਰੀ ਤੋਂ ਬਾਅਦ ਆਪਣੇ ਪਰਿਵਾਰ ਲਈ ਬਹੁਤ ਜ਼ਿਆਦਾ ਸਮਾਂ ਨਹੀਂ ਬਚਦਾ ਅਤੇ ਤੁਸੀਂ ਸੋਮਵਾਰ ਤੋਂ ਸ਼ੁੱਕਰਵਾਰ ਨੂੰ ਜੋ ਵੀ ਨੌਕਰੀ ਕਰਦੇ ਹੋ ਅਤੇ ਇਸ ਵਿੱਚ ਪੈਸੇ ਵੀ ਘੱਟ ਹਨ।ਇੱਕ ਹੋਰ ਟਰਾਂਸਪੋਰਟ ਕੰਪਨੀ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਤਿੰਨ ਮਹੀਨਿਆਂ ਵਿੱਚ ਇਹ ਘਾਟ 12 ਪ੍ਰਤਿਸ਼ਤ ਤੱਕ ਪਹੁੰਚਣ ਦੀ ਉਮੀਦ ਹੈ ਜਿਸ ਦਾ ਮਤਲਬ107 ਡਰਾਈਵਰਾਂ ਦੀ ਘਾਟ ਹੋਰ ਹੋ ਜਾਵੇਗੀ।

# ਪਟਿਆਲਾ ਦੇ ਗਭਰੂ ਨੇ ਨਿਊਜ਼ੀਲੈਂਡ ‘ਚ ਮਾਰੀ ਬਾਜ਼ੀ, ਦਾਹੜੀ ‘ਤੇ ਮੁੱਛਾਂ ਵਾਲੇ ਮੁਕਾਬਲੇ ‘ਚ ਰਿਹਾ ਅਵੱਲ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੰਜਾਬੀਆਂ ਦੀ ਮਿਹਨਤ ਵਿਦੇਸ਼ਾਂ ਵਿੱਚ ਸਿਰ ਚੜ ਕੇ ਬੋਲਦੀ ਹੈ। ਕਿਸੇ ਵੀ ਖੇਤਰ ਦੀ ਗੱਲ ਲੈ ਲਵੋ ਪੰਜਾਬੀਆਂ ਨੇ ਆਪਣੀ -ਮਿਹਨਤ ਲਗਨ ਨਾਲ ਕਾਮਯਾਬੀ ਦੀਆਂ ਮੰਜਿਲਾਂ ਨੂੰ ਸਰ ਕੀਤਾ ਹੈ। ਪੰਜਾਬ ਦੇ ਪਟਿਆਲਾ ਤੋਂ ਨਿਊਜ਼ੀਲੈਂਡ ਦੇ ਨੌਰਥਲੈਂਡ ਇਲਾਕੇ ਵਿਚ ਵੱਸਦੇ ਪੰਜਾਬੀ ਗੱਬਰੂ ਬੀਰਇੰਦਰ ਸਿੰਘ ਨੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਬੀਰਇੰਦਰ ਸਿੰਘ ਜਿਸ ਨੂੰ ਇੰਦਰ ਜੈਲਦਾਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਨੇ ਨਿਊਜੀਲੈਂਡ ‘ਚ ਮੀਟਸਟੌਕ ਬ੍ਰੈਡ ਐਂਡ ਮੋ ਵਾਰ ਨਾਮਕ ਮੁਕਾਬਲਾ ਜੋ ਕਿ ਦਾਹੜੀ ਅਤੇ ਮੁੱਛਾ ਬਾਰੇ ਹੁੰਦਾ ਹੈ, ਇਸ ਮੁਕਾਬਲੇ ਵਿੱਚ ਇਸ ਗਭਰੂ ਨੇ ਪਹਿਲਾ ਸਥਾਨ ਹਾਸਿਲ ਕੀਤਾ ਹੈ।ਇਸ ਮੁਕਾਬਲੇ ਬੀਤੇ ਦਿਨੀ ਆਕਲੈਂਡ ‘ਚ ਹੋਇਆ ਸੀ। ਇਸ ਮੁਕਾਬਲੇ ਲਈ ਪੂਰੇ ਮੁਲਕ ‘ਚੋਂ ਆਈਆਂ ਢੇਰਾਂ ਇੰਟਰੀਆਂ ਵਿੱਚੋਂ ਦੋ ਦਰਜਨ ਦੇ ਕਰੀਬ ਪ੍ਰਤੀਯੋਗੀ ਤਸਵੀਰਾਂ ਦੇ ਅਧਾਰ ‘ਤੇ ਚੁਣੇ ਗਏ ਸਨ। ਜਿਹਨਾਂ ਵਿਚੋਂ ਜੱਜਾਂ ਨੇ ਬੀਰਇੰਦਰ ਸਿੰਘ ਨੂੰ ਪਹਿਲੇ ਨੰਬਰ ਦੀ ਟ੍ਰਾਫ਼ੀ ,ਮੈਡਲ ਤੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ।

# ਪਾਕਿ ਨੇ ਐੱਲ. ਓ. ਸੀ. ਨੇੜਿਓਂ ਖਾਲੀ ਕਰਵਾਏ 40 ਪਿੰਡ



ਪੁਲਵਾਮਾ ‘ਚ ਸੀ. ਆਰ. ਪੀ. ਐੱਫ. ਹਮਲੇ ਤੋਂ ਬਾਅਦ ਭਾਰਤ ਦੀ ਸਖ਼ਤੀ ਤੋਂ ਪਾਕਿਸਤਾਨ ਸਹਿਮ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ (ਪੀ. ਓ. ਕੇ.) ਵਿਚ ਕਈ ਪਿੰਡ ਖਾਲੀ ਕਰਵਾਏ ਗਏ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਚੌਕਸ ਰਹਿਣ ਲਈ ਵੀ ਕਿਹਾ ਗਿਆ ਹੈ। ਲਾਈਨ ਆਫ ਕੰਟਰੋਲ (ਐੱਲ. ਓ. ਸੀ.) ਨੇੜੇ ਲੋਕਾਂ ਦੀ ਆਵਾਜਾਈ ‘ਤੇ ਰੋਕ ਲਾ ਕੇ 40 ਤੋਂ ਵੱਧ ਪਿੰਡ ਖਾਲੀ ਕਰਵਾ ਲਏ ਗਏ ਹਨ। ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਦੇ 127 ਪਿੰਡਾਂ ਵਿਚ ਅਲਰਟ ਵੀ ਜਾਰੀ ਕੀਤਾ ਹੈ।ਇਸ ਤੋਂ ਪਹਿਲਾਂ ਖਬਰ ਆਈ ਸੀ ਕਿ ਪਾਕਿਸਤਾਨ ਨੇ ਅੱਤਵਾਦੀ ਮਸੂਦ ਅਜ਼ਹਰ ਨੂੰ ਜੈਸ਼-ਏ-ਮੁਹੰਮਦ ਦੇ ਬਹਾਵਲਪੁਰ ਹੈੱਡਕੁਆਰਟਰ ਤੋਂ ਚੁੱਕ ਕੇ ਕਿਤੇ ਹੋਰ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਪਾਕਿਸਤਾਨ ਸਰਕਾਰ ਨੇ ਮਸੂਦ ਅਜ਼ਹਰ ਨੂੰ ਰਾਵਲਪਿੰਡੀ ਵਿਚ ਕਿਸੇ ਸੁਰੱਖਿਅਤ ਥਾਂ ‘ਤੇ ਰੱਖਿਆ ਹੈ। ਦੱਸ ਦੇਈਏ ਕਿ ਰਾਵਲਪਿੰਡੀ ਵਿਚ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ.ਦਾ ਹੈੱਡਕੁਆਰਟਰ ਹੈ।

# ਡੁਨੇਡਿਨ ਹੱਤਿਆ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਦੋ ਵਿਅਕਤੀਆਂ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇਕ 37 ਸਾਲਾ ਵਿਅਕਤੀ ‘ ਅਤੇ 30 ਸਾਲ ਦੀ ਇਕ ਔਰਤ’ ਤੇ ਕਤਲ ਦਾ ਦੋਸ਼ ਲੱਗਿਆ ਹੈ। ਇਸ ਮਾਮਲੇ ਵਿਚ ਡਿਟੈਕਟਿਵ ਇੰਸਪੈਕਟਰ ਸ਼ੋਨਾ ਲੋ ਨੇ ਕਿਹਾ ਹੈ ਡੁਨੇਡਿਨ ਹੱਤਿਆ ਦੇ ਸਬੰਧ ਵਿਚ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।18 ਫਰਵਰੀ ਨੂੰ Hill Rd north of Waitati ‘ਤੇ ਇਕ ਲਾਸ਼ ਮਿਲੀ ਸੀ। ਡੁਨੇਡਿਨ ਤੋਂ ਦੋਵਾਂ ਵਿਅਕਤੀਆਂ ਨੂੰ ਰੋਟਰੂਆ ਵਿਚ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੀੜਤ ਦੋਵੇਂ ਮੁਲਜ਼ਮਾਂ ਤੋਂ ਜਾਣੂ ਸੀ ਅਤੇ ਪੁਲਸ ਇਸ ਘਟਨਾ ਦੇ ਸੰਬੰਧ ਵਿਚ ਕਿਸੇ ਹੋਰ ਦੀ ਖੋਜ ਨਹੀਂ ਕਰ ਰਹੀ। ਡਿਟੈਕਟਿਵ ਇੰਸਪੈਕਟਰ ਲੋ ਨੇ ਕਿਹਾ ਕਿ ਸਰੀਰ ਨੂੰ ਗੰਭੀਰ ਰੂਪ ਨਾਲ ਜਖਮੀ ਕੀਤਾ ਹੋਇਆ ਸੀ ਅਤੇ ਪੁਲਿਸ ਹਾਲੇ ਵੀ ਪੀੜਤ ਦੀ ਰਸਮੀ ਤੌਰ ‘ਤੇ ਪਛਾਣ ਕਰ ਰਹੀ ਹੈ। ਇਹ ਮ੍ਰਿਤਕ ਵਿਅਕਤੀ ਪਿਕਟਨ ਵਿਚ ਪਾਇਆ ਗਿਆ ਸੀ। ਪੁਲਿਸ ਨੂੰ ਅਜੇ ਇਹ ਨਹੀਂ ਪਤਾ ਕਿ ਗ੍ਰਿਫਤਾਰ ਵਿਅਕਤੀ ਗੈਂਗ ਜਾਂ ਨਸ਼ੇ ਨਾਲ ਸੰਬੰਧਿਤ ਹਨ। ਇਸ ਬਾਬਤ ਕਿਸੇ ਵੀ ਤਰਾਂ ਦੀ ਜਾਣਕਾਰੀ ਦੇਣ ਲਈ 03 471 4800 ‘ਤੇ ਪੁਲਿਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਨੇ ਤਸਕਰੀ ਦਾ ਨੈੱਟਵਰਕ ਚਲਾਉਣ ਦੇ ਦੋਸ਼ ਚ ਭਾਰਤੀ ਤੇ ਪਰਿਵਾਰ ਸਮੇਤ ਲਾਈ ਪਾਬੰਦੀ



ਵਾਸ਼ਿੰਗਟਨ — ਅਮਰੀਕਾ ਨੇ ਸੰਯੁਕਤ ਰਾਸ਼ਟਰ ਅਮੀਰਾਤ (ਯੂ. ਏ. ਈ.) ਮੂਲ ਦੇ ਭਾਰਤੀ ਵਿਅਕਤੀ ਅਤੇ ਉਸ ਦੇ ਮਾਤਾ-ਪਿਤਾ ‘ਤੇ ਕਥਿਤ ਤੌਰ ‘ਤੇ ਗਲੋਬਲ ਪੱਧਰ ‘ਤੇ ਮਨੀ ਲਾਂਡਰਿੰਗ ਕਰਨ ਅਤੇ ਹੈਰੋਇਨ ਦੀ ਤਸਕਰੀ ਦਾ ਨੈੱਟਵਰਕ ਚਲਾਉਣ ਲਈ ਪਾਬੰਦੀ ਲਾਈ ਹੈ। ਅਮਰੀਕੀ ਵਿੱਤ ਮੰਤਰਾਲੇ ਨੇ ਬੁੱਧਵਾਰ ਨੂੰ ਦੱਸਿਆ ਕਿ ਯੂ. ਏ. ਈ. ਦਾ ਰਹਿਣ ਵਾਲਾ ਜਸਮੀਤ ਹਾਕਿਮਜ਼ਾਦਾ ਹੈਰੋਇਨ, ਕੋਕੀਨ, ਐਫੀਡ੍ਰਿਨ, ਕੀਟਾਮਾਇਨ ਅਤੇ ਸਿੰਥੈਟਿਕ ਓਪੀਅਮ ਜਿਹੇ ਨਸ਼ੀਲੇ ਪਦਾਰਥਾਂ ਦੀ ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਬ੍ਰਿਟੇਨ ‘ਚ ਤਸਕਰੀ ਦਾ ਅੰਤਰਰਾਸ਼ਟਰੀ ਰੈਕੇਟ ਚਲਾਉਂਦਾ ਹੈ। ਦੋਸ਼ ਲਾਇਆ ਗਿਆ ਕਿ ਹਾਕਿਮਜ਼ਾਦਾ ਨੇ 2008 ਤੋਂ ਹੁਣ ਤੱਕ ਗੈਰ-ਕਾਨੂੰਨੀ ਕਾਰਵਾਈ ਤੋਂ ਕਮਾਏ ਗਏ ਲੱਖਾਂ ਡਾਲਰਾਂ ਦਾ ਯੂ. ਏ. ਈ. ‘ਚ ਆਪਣੀ ਕੰਪਨੀ ਮੈਵਾਂਦਾ ਜਨਰਲ ਟ੍ਰੇਡਿੰਗ ਕੰਪਨੀ ਐੱਲ. ਐੱਲ. ਸੀ. ਦੇ ਜ਼ਰੀਏ ਮਨੀ ਲਾਂਡਰਿੰਗ ਕੀਤਾ। ਇਸ ‘ਚ ਉਸ ਨੇ ਅਮਰੀਕਾ, ਬ੍ਰਾਜ਼ੀਲ, ਭਾਰਤ, ਯੂ.ਏ.ਈ. ਅਤੇ ਬ੍ਰਿਟੇਨ ਦੇ ਵਿੱਤ ਸੰਸਥਾਨਾਂ ਦੀ ਮਦਦ ਲਈ। ਅੱਤਵਾਦ ਅਤੇ ਆਰਥਿਕ ਖੁਫੀਆ ਮਾਮਲਿਆਂ ਦੇ ਉਪ ਮੰਤਰੀ ਸਿਗਲ ਮੰਡੇਲਕਰ ਨੇ ਆਖਿਆ ਕਿ ਜਸਮੀਤ ਹਕੀਮਜ਼ਾਦਾ ਦਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਦਾ ਨੈੱਟਵਰਕ ਪੂਰੀ ਦੁਨੀਆ ‘ਚ ਹੈਰੋਇਨ ਅਤੇ ਸਿੰਥੈਟਿਕ ਓਪੀਅਮ ਦੀ ਤਸਕਰੀ ‘ਚ ਸ਼ਾਮਲ ਰਿਹਾ ਹੈ।ਵਿਭਾਗ ਨੇ ਕਿਹਾ ਕਿ ਉਸ ਨੇ ਹਾਕਿਮਜ਼ਾਦਾ ਦੇ ਪਿਤਾ ਹਰਮੋਹਨ ਹਾਕਿਮਜ਼ਾਦਾ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਦੇ ਅਭਿਆਨਾਂ ‘ਚ ਪ੍ਰਮੁੱਖ ਹਿੱਸੇਦਾਰ ਰਹਿਣ ਲਈ ਅਤੇ ਹਾਕਿਮਜ਼ਾਦਾ ਦੀ ਮਾਂ ਇਲਜੀਤ ਕੌਰ ‘ਤੇ ਪਾਬੰਦੀ ਲਾਈ ਹੈ। ਕੌਰ ਭਾਰਤ ‘ਚ 2 ਕੰਪਨੀਆਂ ‘ਚ ਫਰੰਟ ਆਫਿਸ ‘ਚ ਅਧਿਕਾਰੀ ਦੇ ਤੌਰ ‘ਤੇ ਕੰਮ ਕਰਦੀ ਹੈ। 4 ਕੰਪਨੀਆਂ ਜਿਨ੍ਹਾਂ ‘ਤੇ ਪਾਬੰਦੀਆਂ ਲਾਈਆਂ ਗਈਆਂ ਹਨ, ਉਨ੍ਹਾਂ ‘ਚੋਂ 3 ਕੰਪਨੀਆਂ ਭਾਰਤ ‘ਚ ਸਥਿਤ ਹਨ। ਇਨ੍ਹਾਂ ਦੇ ਨਾਂ ਹਨ- ਮੇਵਾਂਦ ਪ੍ਰਾਇਵੇਟ ਲਿਮਟਿਡ, ਮੇਵਾਂਦ ਟੁਬੈਕੋ ਲਿਮਟਿਡ ਅਤੇ ਮੇਵਾਂਦ ਬੈਵਰੇਜੈਸ ਲਿਮਟਿਡ ਅਤੇ ਯੂ. ਏ. ਈ. ਦੀ ਮੇਵਾਂਦ ਜਨਰਲ ਟ੍ਰੇਡਿੰਗ ਕੰਪਨੀ ਐੱਲ. ਐੱਲ. ਸੀ.।

# ਅਮਰੀਕਾ ਦੀ ਇੰਮੀਗ੍ਰੇਸ਼ਨ ਅਦਾਲਤਾਂ ਵਿਚ 8.30 ਲੱਖ ਮੁੱਕਦਮੇ ਪੈਂਡਿੰਗ



ਨਿਊਯਾਰਕ -ਅਮਰੀਕਾ ਵਿਚ ਸਰਕਾਰੀ ਕੰਮਕਾਜ ਠੱਪ ਰਹਿਣ ਕਾਰਨ ਇੰਮੀਗ੍ਰੇਸ਼ਨ ਅਦਾਲਤਾਂ ਵਿਚ 80 ਹਜਾਰ ਤੋਂ ਵੱਧ ਮੁਕਦਮਿਆਂ ਦੀ ਸੁਣਵਾਈ ਰੱਦ ਹੋ ਗਈ ਸੀ, ਜਿਸ ਕਾਰਨ ਪਹਿਲੀ ਫਰਵਰੀ ਤਕ ਮੁੱਕਦਮਿਆਂ ਦਾ ਬੈਕਲਾਗ 8 ਲੱਖ 30 ਹਜਾਰ ਦਾ ਅੰਕੜਾ ਪਾਰ ਕਰ ਗਿਆ। ਸਾਇਰਾਕਿਊਜ਼ ਯੂਨੀਵਰਸਿਟੀ ਦੀ ਰਿਪਰੋਟ ਮੁਤਾਬਕ 2018 ਵਿਚ ਹਰ ਮਹੀਨੇ 20 ਹਜਾਰ ਤੋਂ 25 ਹਜਾਰ ਨਵੇਂ ਇਮੀਗ੍ਰੇਸ਼ਨ ਮਾਮਲੇ ਅਦਾਲਤਾਂ ਵਿਚ ਆਏ ਪਰ ਜਨਵਰੀ ਵਿਚ ਇਹ ਅੰਕੜਾ ਘੱਟ ਕੇ ਸਿਰਫ 5600 ਰਹਿ ਗਿਆ ਸੀ। ਇਸ ਰਿਪੋਰਟ ਤੋਂ ਉਲਟ ਇੰਮੀਗ੍ਰੇਸ਼ਨ ਅਦਾਲਤਾਂ ਦੀ ਨਿਗਰਾਨੀ ਕਰਨ ਵਾਲੇ ਨਿਆਂ ਵਿਭਾਗ ਦਾ ਦਾਅਵਾ ਹੈ ਕਿ ਸਰਕਾਰੀ ਕੰਮਕਾਜ ਅੰਸ਼ਿਕ ਤੌਰ ਉਤੇ ਠੱਪ ਰਹਿਣ ਕਾਰਨ 60 ਹਜਾਰ ਮਾਮਲਿਆਂ ਦੀ ਸੁਣਵਾਈ ਮੁੜ ਨਿਰਧਾਰਿਤ ਕਰਨੀ ਪਈ ਹੈ। ਸੀ. ਬੀ. ਐਸ. ਦੀ ਰਿਪੋਰਟ ਦੀ ਮੰਨਿਏ ਤਾਂ ਅਮਰੀਕਾ ਵਿਚ ਸ਼ਟਡਾਊਨ ਤੋਂ ਬਾਅਦ ਇੰਮੀਗ੍ਰੇਸ਼ਨ ਅਦਾਲਤਾਂ ਹਾਲੇ ਤੱਕ ਆਪਣੀ ਕਾਰਜ ਪ੍ਰਣਾਲੀ ਨੂੰ ਲੀਹ ਉਤੇ ਨਹੀਂ ਲਿਆ ਸਕੀਆਂ ਹਨ। ਇਨ੍ਹਾਂ ਅਦਾਲਤਾਂ ਵਿਚ ਮੁਕਦਮਿਆਂ ਨਾਲ ਸੰਬੰਧਤ ਫਾਇਲਾਂ ਦਾ ਢੇਰ ਲੱਗਾ ਪਿਆ ਹੈ। ਇੰਮੀਗ੍ਰੇਸ਼ਨ ਅਦਾਲਤਾਂ ਦੀ ਜੱਜਾਂ ਦੀ ਐਸੋਸੀਏਸ਼ਨ ਦੀ ਪ੍ਰਧਾਨ ਐਸ਼ਲੇ ਫੈਬਾਡੌਰ, ਜੋ ਖੁਦ ਲਾਸ ਏਂਜਲਸ ਦੀ ਅਦਾਲਤ ਸੰਭਾਲਦੀ ਹੈ, ਨੇ ਦੱਸਿਆ ਕਿ ਨਵੀਆਂ ਅਰਜੀਆਂ ਦੇ ਨਿਪਟਾਰਿਆਂ ਲਈ ਕਲਰਕਾਂ ਨੂੰ ਓਵਰਟਾਇਮ ਦੇਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਮਝਣ ਨੂੰ ਤਿਆਰ ਨਹੀਂ ਹੈ ਕਿ ਸ਼ਟਡਾਊਨ ਦਾ ਕਿੰਨਾ ਮਾੜਾ ਅਸਰ ਪਿਆ ਹੈ।